**"ਅਸੁਰੱਖਿਅਤ ਇੰਟਰਵੈਂਸ਼ਨ ਕਰਨ ਨਾਲੋਂ ਬਿਲਕੁਲ ਵੀ ਇੰਟਰਵੈਂਸ਼ਨ ਨਾ ਦੇਣਾ ਬਿਹਤਰ ਹੈ।"**

ਕਈ ਵਾਰ ਕੁੱਝ ਇੰਟਰਵੈਂਸ਼ਨਾਂ ਬੱਚਿਆਂ ਲਈ ਘੱਟ ਸੁਰੱਖਿਅਤ ਜਾਂ ਪ੍ਰੇਸ਼ਾਨ ਕਰਨ ਵਾਲੀਆਂ ਹੋ ਸਕਦੀਆਂ ਹਨ। ਜੇਕਰ ਤੁਹਾਨੂੰ ਕੁੱਝ ਗ਼ਲਤ ਲੱਗੇ, ਤਾਂ ਬੋਲਣਾ ਜਾਂ ਆਵਾਜ਼ ਉਠਾਉਣ ਦੇ ਹੋਰ ਤਰੀਕਿਆਂ ਦੀ ਭਾਲ ਕਰਨਾ ਠੀਕ ਹੈ। ਸੁਰੱਖਿਅਤ, ਸਤਿਕਾਰਯੋਗ ਦੇਖਭਾਲ ਹਮੇਸ਼ਾ ਸਭ ਤੋਂ ਵਧੀਆ ਹੁੰਦੀ ਹੈ।

## ਯੁਵਕ ਪਰਿਵਾਰਾਂ ਤੋਂ ਕੀ ਚਾਹੁੰਦੇ ਹਨ:

**"ਨਵੀਆਂ ਚੀਜ਼ਾਂ ਸਿੱਖਣ ਅਤੇ ਵੱਖਰੇ ਢੰਗ ਨਾਲ ਸੋਚਣ ਲਈ ਤਿਆਰ ਰਹੋ।"**

ਅਪਾਹਜਤਾ ਨੂੰ ਸਮਝਣ ਦੇ ਢੰਗ ਹਮੇਸ਼ਾਂ ਬਦਲਦੇ ਰਹਿੰਦੇ ਹਨ। ਅਪੰਗਤਾ ਵਾਲੇ ਲੋਕਾਂ ਦੀਆਂ ਗੱਲਾਂ ਸੁਣਕੇ ਤੁਸੀਂ ਆਪਣੇ ਬੱਚੇ ਦੀ ਹੋਰ ਵਧੀਆ ਮੱਦਦ ਕਰ ਸਕਦੇ ਹੋ।

**“ਇਹੋ ਜਿਹੀ ਅਰਲੀ ਇੰਟਰਵੈਂਸ਼ਨ ਚੁਣੋ ਜੋ ਸਕਾਰਾਤਮਕ ਅਤੇ ਸਹਾਇਕ ਹੋਵੇ।"**

ਉਨ੍ਹਾਂ ਪ੍ਰੋਗਰਾਮਾਂ ਤੋਂ ਬਚੋ ਜੋ ਤੁਹਾਡੇ ਬੱਚੇ ਨੂੰ "ਠੀਕ" ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸਦੀ ਬਜਾਏ, ਉਹ ਸਹਾਇਤਾ ਲੱਭੋ ਜੋ ਤੁਹਾਡੇ ਬੱਚੇ ਦੀਆਂ ਤਾਕਤਾਂ ਨੂੰ ਨਿਖਾਰੇ ਅਤੇ ਉਨ੍ਹਾਂ ਨੂੰ ਸਵੀਕਾਰ ਕੀਤਾ ਗਿਆ ਮਹਿਸੂਸ ਕਰਵਾਏ।

**"ਆਪਣੇ ਬੱਚੇ ਨਾਲ ਉਨ੍ਹਾਂ ਦੀ ਬਿਮਾਰੀ ਜਾਂ ਅਪੰਗਤਾ ਬਾਰੇ ਗੱਲ ਕਰੋ।"**

ਬੱਚਿਆਂ ਨੂੰ ਆਪਣੀ ਅਪੰਗਤਾ ਬਾਰੇ ਜਾਣਨ ਨਾਲ ਫਾਇਦਾ ਹੁੰਦਾ ਹੈ। ਇਹ ਉਨ੍ਹਾਂ ਨੂੰ ਆਪਣੇ ਆਪ ਨੂੰ ਸਮਝਣ ਅਤੇ ਆਪਣੇ 'ਤੇ ਮਾਣ ਮਹਿਸੂਸ ਕਰਨ ਵਿੱਚ ਮੱਦਦ ਕਰਦਾ ਹੈ ਕਿ ਉਹ ਕੌਣ ਹਨ।

**"ਸਕਾਰਾਤਮਕ ਅਤੇ ਸਹਿਯੋਗੀ ਭਾਈਚਾਰੇ ਲੱਭੋ।"**

ਉਨ੍ਹਾਂ ਲੋਕਾਂ ਨਾਲ ਜੁੜੋ ਜੋ ਸਮਝਦੇ ਹਨ ਕਿ ਤੁਸੀਂ ਕਿਸ ਚੀਜ਼ ਵਿੱਚੋਂ ਗੁਜ਼ਰ ਰਹੇ ਹੋ। ਅਜਿਹੇ ਸਮੂਹਾਂ ਦੀ ਭਾਲ ਕਰੋ ਜੋ ਤੁਹਾਡੇ ਬੱਚੇ ਦੀ ਹੌਂਸਲਾ ਅਫ਼ਜ਼ਾਈ ਕਰਦੇ ਹਨ ਅਤੇ ਅਪਾਹਜਤਾ ਨੂੰ ਸਿਹਤਮੰਦ ਢੰਗ ਨਾਲ ਉਤਸ਼ਾਹਿਤ ਕਰਦੇ ਹਨ।

## ਯੁਵਕ ਕੀ ਚਾਹੁੰਦੇ ਹਨ ਕਿ ਪਰਿਵਾਰ ਕੀ ਜਾਣਦੇ ਹੋਣ:

**"ਤੁਸੀਂ ਅਪਾਹਜਤਾ ਬਾਰੇ ਕਿਵੇਂ ਸੋਚਦੇ ਹੋ – ਇਹ ਗੱਲ ਮਾਇਨੇ ਰੱਖਦੀ ਹੈ।"**

ਅਪੰਗਤਾ ਕੋਈ ਸਮੱਸਿਆ ਨਹੀਂ ਹੈ, ਸਮਾਜ ਵਿੱਚ ਮੌਜੂਦ ਰੁਕਾਵਟਾਂ ਸਮੱਸਿਆ ਹਨ। ਜਦੋਂ ਅਸੀਂ ਅਪੰਗਤਾ ਨੂੰ ਦੇਖਣ ਦੇ ਤਰੀਕੇ ਨੂੰ ਬਦਲਦੇ ਹਾਂ, ਤਾਂ ਅਸੀਂ ਸਾਰੇ ਬੱਚਿਆਂ ਨੂੰ ਸਫ਼ਲ ਹੋਣ ਅਤੇ ਸ਼ਾਮਲ ਮਹਿਸੂਸ ਕਰਨ ਦੇ ਵਧੇਰੇ ਮੌਕੇ ਦਿੰਦੇ ਹਾਂ।

**"ਅਪੰਗਤਾ ਸੱਭਿਆਚਾਰਕ ਪਛਾਣ ਅਤੇ ਆਪਣਾਪਣ ਮਹਿਸੂਸ ਕਰਵਾਉਣ ਵਿੱਚ ਮੱਦਦ ਕਰਦੀ ਹੈ।"**

ਅਪਾਹਜਤਾ ਭਾਈਚਾਰਾ ਸਹਾਇਤਾ ਦਿੰਦਾ ਅਤੇ ਆਪਣੇ ਨਾਲ ਜੋੜਦਾ ਹੈ। ਇਹ ਪਰਿਵਾਰਾਂ ਲਈ ਸਿੱਖਣ, ਵਿਕਸਿਤ ਹੋਣ ਅਤੇ ਆਪਣੇ 'ਤੇ ਮਾਣ ਕਰਨ ਦਾ ਸ਼ਾਨਦਾਰ ਢੰਗ ਹੈ।

**"ਜੋ ਸੰਭਵ ਹੈ ਉਸ ਉੱਤੇ ਧਿਆਨ ਦਿਓ।"**

ਘੱਟ ਉਮੀਦਾਂ ਹੋਣ ਦੀ ਭਾਵਨਾ ਨੂੰ ਆਪਣੇ ਬੱਚੇ ਨੂੰ ਰੋਕਣ ਨਾ ਦਿਓ। ਉਨ੍ਹਾਂ ਦੀ ਯੋਗਤਾ 'ਤੇ ਵਿਸ਼ਵਾਸ ਰੱਖੋ ਅਤੇ ਜੋ ਉਹ ਕਰ ਸਕਦੇ ਹਨ, ਉਸਦੀ ਖੁਸ਼ੀ ਮਨਾਓ। ਇਹ ਸਵੈ-ਮਾਣ ਅਤੇ ਉਮੀਦ ਨੂੰ ਵਧਾਉਂਦਾ ਹੈ।

*"ਮੈਨੂੰ ਛੇ ਸਾਲ ਦੀ ਉਮਰ ਵਿੱਚ ਜਦੋਂ ਇਸਦੇ ਹੋਣ ਦਾ ਪਤਾ ਲੱਗਾ, ਉਦੋਂ ਤੋਂ ਹੀ ਰੂੜ੍ਹੀਵਾਦੀ ਸੋਚ ਦਾ ਸਾਹਮਣਾ ਕਰਨਾ ਪਿਆ। ਪਰ ਇਹ ਸਾਰਾ ਯਾਤਰਾ ਲਾਭਕਾਰੀ ਸੀ। ਮੈਨੂੰ ਰੂੜ੍ਹੀਵਾਦੀ ਸੋਚ*

